# ਜਵਾਨ ਦਾ ਰੱਸ

ਸੁਭਾ-ਸੁਭਾ ਇੱਕ ਪਿੰਡ ਵਿੱਚ ਇੱਕ ਸਾਧ ਆ ਗਿਆ।
ਸਾਧ ਨੇ ਸਾਰੇ ਪਿੰਡ ਵਿਚੋ ਆਟਾ ਇਕੱਠਾ ਕੀਤਾ ।
ਦਪਿਹਰ ਨੂੰ ਸਾਧ ਨੂੰ ਬਹੁਤ ਭੁਖ ਲੱਗੀ ।

ਸਾਧ ਨੇ ਇਕ ਗਰੀਬ ਬੁਡੀ ਦਾ ਦਰਵਾਜਾ ਖੱੜਕਾਇਆ ।
ਸਾਧ ਨੇ ਉਸ ਬੁਡੀ ਤੋ ਰੋਟੀ ਮੰਗੀ ।
ਬੁਡੀ ਵਿਚਾਰੀ ਪਹਿਲਾ ਹੀ ਭੁਖੀ ਬੈਠੀ ਸੀ।

ਬੁਡੀ ਕਹਿੰਦੀ, "ਬਾਬਾ ਜੀ ਮੇਰੇ ਘਰ ਤਾ ਆਪ ਆਟਾ ਮੁਕਿਆ ਹੋਇਆ ।
ਮੇਰੇ ਕੋਲ ਤਾ ਸਿਰਫ ਇਕ ਮੱਝ ਹੈ ਜੋ ਸੂਣ ਵਾਲੀ ਹੈ, ਜਦੋ ਮੱਝ ਸੂਵੇ ਗੀ,
ਦੁਧ ਵੇਚ ਕੇ ਆਟਾ ਲਿਆਵਾ ਗੀ ।"

ਸਾਧ ਕਹਿਦਾ, "ਮਾਈ ਤੂੰ ਆਟਾ ਮੇਰੇ ਕੋਲੋ ਲੈ ਲਾ, ਅਤੇ ਸੱਜਰੀ ਰੋਟੀ ਬਣਾ ਲੈ"

ਬੁਡੀ ਰੋਟੀ ਬਣਾਉਣ ਲਈ ਮੰਨ ਗਈ, ਬੁਡੀ ਨੇ ਸਾਧ ਤੋ ਆਟਾ ਲੈ ਕੇ ਆਪਣੀ ਪਰਾਂਤ ਵਿੱਚ ਪਾ ਲਿਆ ਅਤੇ ਆਟੇ ਵਿਚ ਪਾਣੀ ਪਾਕੇ ਆਟਾ ਗੁਨਣ ਲੱਗੀ ।

ਇੰਨੇ ਨੂੰ ਸਾਧ ਦੀ ਨਿਗਾਹ ਬੁਡੀ ਦੀ ਮੱਝ ਉਪਰ ਗਈ । ਮੱਝ ਬਹੁਤ ਮੋਟੀ ਅਤੇ ਤੱਕੜੀ ਸੀ । ਬੁਡੀ ਦੇ ਘਰ ਦੇ ਬਾਹਰ ਵਾਲਾ ਦਰਵਾਜਾ ਬਹੁਤ ਭੀੜਾ ਸੀ ।

ਸਾਧ ਦੇ ਮੂਹੋ ਨਿਕਲ ਗਿਆ, "ਮਾਈ ਜੇ ਤੇਰੀ ਮੱਝ ਮਰ ਜਾਵੇ ਤੂੰ ਇਸ ਨੂੰ ਦਰਵਾਜੇ ਰਾਹੀ
ਬਾਹਰ ਕਿਵੇ ਕੱਢੇਗੀ ।"

ਬੁਡੀ ਨੂੰ ਬਹੁਤ ਗੁਸਾ ਆਇਆ । ਬੁਡੀ ਨੇ ਪਰਾਂਤ ਵਾਲਾ ਪਾਣੀ ਸਮੇਤ ਆਟਾ ਉਸ ਸਾਧ ਦੀ ਝੋਲੀ ਵਿਚ ਪਾ ਦਿਤਾ ਅਤੇ ਕਿਹਾ ਦਫਾ ਹੋ ਪਰੇ ।

ਸਾਧ ਆਟਾ ਚੁਕ ਕੇ ਤੁਰ ਪਿਆ । ਰਾਸਤੇ ਵਿੱਚ ਸਾਧ ਦੀ ਝੋਲੀ ਵਿੱਚੋ ਪਾਣੀ ਚੋਣ ਲੱਗਿਆ ।

ਇਕ ਰਾਹੀ ਸਾਧ ਨੂੰ ਕਹਿੰਦਾ, "ਭੱਗਤਾ ਤੇਰੀ ਝੋਲੀ ਵਿੱਚੋ ਕੁਝ ਚੋਂਦਾ ਜਾਂਦਾ"

ਸਾਧ ਸੰਮਝ ਗਿਆ ਅਤੇ ਕਹਿੰਦਾ, "ਭਾਈ ਇਹ ਮੇਰੀ ਜਵਾਨ ਦਾ ਰੱਸ ਚੋ ਰਿਹਾ"

ਸਿਟਾ : ਪੁਤਰਾ! ਮੂਹੋ ਨਿਕਲਿਆ ਸੱਬਦ ਵਾਪਸ ਨਹੀ ਆਉਦਾ ।
ਕਮਾਣੋ ਨਿਕਲਿਆ ਤੀਰ ਵਾਪਸ ਨਹੀ ਆਉਦਾ ।
**Computer** ਤੋ ਨਿਕਲਿਆ **e-letter** ਵਾਪਸ ਨਹੀ ਆਉਦਾ।

ਲੋਰੀ ਸਾਉਣ ਲੱਗੇ: ਪੁਤਰਾ ਉੱਹ ਪੁਤਰਾ - ਜਿਆਦਾ ਰਿਹਾੜ ਨਹੀ ਕਰੀਦੀ ।
ਟਾਈਮ ਨਾਲ ਸੌ ਜਾਈਦਾ-ਦੂਜਿਆ ਦੀ ਨੀਂਦ ਖਰਾਬ ਨਹੀ ਕਰੀਦੀ ।

**Archived at: www.geocities.com/new_punjabi_songs**
**Written by: Dr. Sarjinder Singh, Assistant Professor, St. Cloud State University, St. Cloud, MN, USA**
**Note: All opinions are of author's own.**

**Updated: July 21, 2007**